**ਬਿਲੀਵਰਸ ਈਸਟਰਨ ਚਰਚ**
ਵਿਸ਼ਵ ਹੈੱਡਕੁਆਰਟਰ, ਸੇਂਟ ਥਾਮਸ ਕਮਿਊਨਿਟੀ
ਤਿਰੂਵੱਲਾ - 689 103, ਕੇਰਲ, ਭਾਰਤ

# ਚਰਵਾਹੇ ਦਾ ਪੱਤਰ

ਮਾਰਚ/ਮਈ 2026

**ਮੇਰੇ ਪਿਆਰੇ ਚਰਵਾਹਿਆਂ ਅਤੇ ਪਵਿੱਤਰ ਚਰਚ ਦੇ ਸਾਰੇ ਵਿਸ਼ਵਾਸੀਆਂ ਨੂੰ**

ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ, ਇੱਕ ਪਰਮੇਸ਼ੁਰ ਦੇ ਨਾਮ 'ਤੇ, ਹੁਣ ਅਤੇ ਹਮੇਸ਼ਾ ਲਈ। ✠ ਆਮੀਨ।

ਮੈਨੂੰ ਯਾਦ ਹੈ ਕਿ ਸਾਡੇ ਮੁਬਾਰਕ ਯਾਦ ਵਾਲੇ ਆਤਮਿਕ ਪਿਤਾ, ਮੈਟਰੋਪੋਲਿਟਨ ਐਥਨੇਸ਼ੀਅਸ ਯੋਹਾਨ ਪਹਿਲੇ, ਅਕਸਰ ਸਾਨੂੰ ਕਹਿੰਦੇ ਰਹਿੰਦੇ ਸਨ, "ਚਰਚ ਬਾਰੇ ਸੋਚੋ", ਹਰ ਸਮੇਂ ਸੋਚੋ। ਉਹ ਜੋ ਕਹਿ ਰਹੇ ਸਨ ਉਹ ਇਹ ਹੈ ਕਿ ਇਸ ਧਰਤੀ 'ਤੇ ਅਸੀਂ ਜੋ ਸਥਾਈ ਹਕੀਕਤ ਬਣਾ ਸਕਦੇ ਹਾਂ ਉਹ ਚਰਚ ਹੈ।

ਪਿਆਰੇ ਬੱਚਿਓ, *ਤੁਸੀਂ* ਚਰਚ ਹੋ — ਮਸੀਹ ਦੀ ਜਿਉਂਦੀ ਦੇਹ। ਯਾਦ ਰੱਖੋ ਕਿ ਤੁਸੀਂ ਜਿਸ ਸਥਾਨਕ ਪੈਰਿਸ਼ ਚਰਚ ਨਾਲ ਸਬੰਧਤ ਹੋ ਉਹ ਸਿਰਫ਼ ਇੱਕ ਸੰਸਥਾ ਜਾਂ ਸੰਗਠਨ ਨਹੀਂ ਹੈ। ਇਹ ਬਿਸ਼ਪ ਅਤੇ ਯਾਜਕ ਦੇ ਆਲੇ-ਦੁਆਲੇ ਇਕੱਠਾ ਹੋਇਆ ਇੱਕ ਯੂਕੇਰਿਸਟਿਕ (ਯਾਨੀ ਕਿ ਪ੍ਰਭੂ ਭੋਜ ਵਾਲਾ) ਭਾਈਚਾਰਾ ਹੈ, ਪਵਿੱਤਰ ਆਤਮਾ ਵਿੱਚ ਇੱਕਜੁੱਟ, ਪਵਿੱਤਰ ਸ਼ਾਸਤਰਾਂ ਅਤੇ ਪਵਿੱਤਰ ਭੇਤਾਂ (ਸੰਸਕਾਰਾਂ) ਦੁਆਰਾ ਪੋਸ਼ਿਤ। ਇਹ ਪੈਰਿਸ਼ ਵਿੱਚ ਹੈ ਜਿੱਥੇ ਅਸੀਂ ਮਸੀਹ ਦਾ ਸਾਹਮਣਾ ਕਰਦੇ ਰਹਿੰਦੇ ਹਾਂ, ਪਰਮੇਸ਼ੁਰ ਦੇ ਸੁਭਾਅ ਵਿੱਚ ਵਧਦੇ ਰਹਿੰਦੇ ਹਾਂ, ਅਤੇ ਸ਼ਬਦਾਂ ਅਤੇ ਕੰਮਾਂ ਵਿੱਚ ਖੁਸ਼ਖਬਰੀ ਨੂੰ ਸਰਗਰਮੀ ਨਾਲ ਜੀਉਣ ਲਈ ਪ੍ਰੇਰਿਤ ਹੁੰਦੇ ਹਾਂ।

ਇਸੇ ਲਈ 2026 ਵਿੱਚ ਸਾਡੇ ਚਰਚ ਲਈ ਸਾਡਾ ਦ੍ਰਿਸ਼ਟੀਕੋਣ ਹੈ: ***'ਪੈਰਿਸ਼ ਦਾ ਨਿਰਮਾਣ: ਨਿਹਚਾ, ਜੀਵਨ ਅਤੇ ਸੇਵਾ।'*** ਮੈਨੂੰ ਇਸ ਦਰਸ਼ਨ ਦੇ ਤਿੰਨ ਪਹਿਲੂਆਂ ਬਾਰੇ ਸੰਖੇਪ ਵਿੱਚ ਦੱਸਣ ਦਿਓ ਅਤੇ ਅਸੀਂ ਇਸਨੂੰ ਇੱਕ ਪੈਰਿਸ਼ ਦੇ ਰੂਪ ਵਿੱਚ ਆਪਣੇ ਜੀਵਨ ਵਿੱਚ ਕਿਵੇਂ ਅਮਲੀ ਤੌਰ 'ਤੇ ਲਾਗੂ ਕਰ ਸਕਦੇ ਹਾਂ।

## 1) **ਨਿਹਚਾ**

ਕਲਪਨਾ ਕਰੋ ਕਿ ਸਥਾਨਕ ਪੈਰਿਸ਼ ਚਰਚ ਇੱਕ ਵੱਡੇ ਰੁੱਖ ਵਾਂਗ ਹੈ। ਵਿਸ਼ਵਾਸ ਇੱਕ ਰੁੱਖ ਦੀ ਜੜ੍ਹ ਹੈ, ਜੋ ਰੁੱਖ ਨੂੰ ਮਜ਼ਬੂਤੀ ਨਾਲ ਫੜੀ ਰੱਖਦਾ ਹੈ ਅਤੇ ਇਸਨੂੰ ਪੋਸ਼ਣ ਦਿੰਦਾ ਹੈ। ਇਸੇ ਤਰ੍ਹਾਂ, ਪਵਿੱਤਰ ਨਿਹਚਾ ਪਵਿੱਤਰ ਚਰਚ ਅਤੇ ਸਾਡੇ ਮਸੀਹੀ ਜੀਵਨ ਦੀ ਨੀਂਹ ਹੈ।

a) ਪਵਿੱਤਰ ਨਿਹਚਾ ਕਿਸੇ ਦੀ ਨਿੱਜੀ ਰਾਏ ਨਹੀਂ ਹੈ। ਇਸ ਦੀ ਬਜਾਏ, ਇਹ ਰਸੂਲਾਂ ਦੁਆਰਾ ਸਾਨੂੰ ਸੌਂਪਿਆ ਗਿਆ ਵਿਸ਼ਵਾਸ ਹੈ, ਜੋ ਕਿ ਸ਼ੁਰੂਆਤੀ ਚਰਚ ਪਿਤਾਵਾਂ ਦੁਆਰਾ ਪੁਸ਼ਟੀ ਕੀਤਾ ਗਿਆ ਹੈ, ਅਤੇ ਪਵਿੱਤਰ ਚਰਚ ਦੇ ਜੀਵਨ ਦੌਰਾਨ ਸੁਰੱਖਿਅਤ ਰੱਖਿਆ ਗਿਆ ਹੈ। ਇਹ ਖੁਸ਼ਖਬਰੀ ਅਤੇ ਇਹ ਨਿਹਚਾ ਸਿਰਫ਼ ਉਦੋਂ ਹੀ ਪ੍ਰਮਾਣਿਕ ਰਹਿੰਦੇ ਹਨ ਜਦੋਂ ਉਹਨਾਂ ਨੂੰ ਬਿਲਕੁਲ ਉਸੇ ਤਰ੍ਹਾਂ ਰੱਖਿਆ ਜਾਂਦਾ ਹੈ ਜਿਵੇਂ ਉਹਨਾਂ ਨੂੰ ਪਵਿੱਤਰ ਰਸੂਲਾਂ ਦੁਆਰਾ ਦਿੱਤਾ ਗਿਆ ਸੀ। ਜਿਵੇਂ ਕਿ ਸੰਤ ਪੌਲੁਸ ਗਲਾਤੀਆਂ 1:8 ਵਿੱਚ ਲਿਖਦਾ ਹੈ, "ਪਰ ਜੇਕਰ ਅਸੀਂ, ਜਾਂ ਸਵਰਗ ਤੋਂ ਕੋਈ ਦੂਤ, ਤੁਹਾਨੂੰ ਉਸ ਖੁਸ਼ਖਬਰੀ ਤੋਂ ਬਿਨਾਂ

ਜਿਹੜੀ ਅਸੀਂ ਤੁਹਾਨੂੰ ਸੁਣਾਈ ਸੀ, ਕੋਈ ਹੋਰ ਖੁਸ਼ਖਬਰੀ ਸੁਣਾਵੇ ਤਾਂ ਉਹ ਸਰਾਪਤ ਹੋਵੇ!" ਇਹ ਸਾਨੂੰ ਪਵਿੱਤਰ ਨਿਹਚਾ ਦੀ ਗੰਭੀਰਤਾ ਅਤੇ ਡੂੰਘਾਈ ਦੀ ਯਾਦ ਦਿਵਾਉਂਦਾ ਹੈ ਜਿਸ ਅਨੁਸਾਰ ਸਾਨੂੰ ਜੀਉਣ ਅਤੇ ਵਫ਼ਾਦਾਰੀ ਨਾਲ ਸੁਰੱਖਿਅਤ ਰੱਖਣ ਲਈ ਬੁਲਾਇਆ ਗਿਆ ਹੈ।

b) 1 ਤਿਮੋਥਿਉਸ 3:15-16 ਵਿੱਚ, ਪਵਿੱਤਰ ਚਰਚ ਨੂੰ "ਸੱਚਾਈ ਦਾ ਥੰਮ੍ਹ ਅਤੇ ਨੀਂਹ" ਵਜੋਂ ਦਰਸਾਇਆ ਗਿਆ ਹੈ। ਇਸ ਹਵਾਲੇ ਵਿੱਚ, ਚਰਚ ਨੂੰ ਪਰਮੇਸ਼ੁਰ ਦੇ ਘਰ ਵਜੋਂ ਦਰਸਾਇਆ ਗਿਆ ਹੈ, ਜਿਸਨੂੰ ਖੁਸ਼ਖਬਰੀ ਦੀ ਸੱਚਾਈ ਨੂੰ ਸੰਭਾਲਣ, ਰਾਖੀ ਕਰਨ ਅਤੇ ਸਮਰਥਨ ਦੇਣ ਦਾ ਕੰਮ ਸੌਂਪਿਆ ਗਿਆ ਹੈ। ਹੇਠ ਲਿਖੀ ਆਇਤ "ਭਗਤੀ ਦਾ ਭੇਤ" - ਯਿਸੂ ਮਸੀਹ ਸਰੀਰ ਵਿੱਚ ਪ੍ਰਗਟ ਹੋਇਆ - ਨੂੰ ਉਸ ਸੱਚਾਈ ਵਜੋਂ ਉਜਾਗਰ ਕਰਦੀ ਹੈ ਜਿਸਦਾ ਪਵਿੱਤਰ ਚਰਚ ਐਲਾਨ ਕਰਦਾ ਹੈ ਅਤੇ ਸੰਭਾਲਦਾ ਹੈ। ਇਹ ਚਰਚ ਦੀ ਜ਼ਿੰਮੇਵਾਰੀ ਨੂੰ ਦਰਸਾਉਂਦਾ ਹੈ ਕਿ ਉਹ ਮਸੀਹੀ ਵਿਸ਼ਵਾਸ ਨੂੰ ਇਸਦੀ ਸ਼ੁੱਧਤਾ ਵਿੱਚ, ਮਿਲਾਵਟ ਰਹਿਤ ਅਤੇ ਬਿਨਾਂ ਕਿਸੇ ਵਿਗਾੜ ਦੇ ਸੁਰੱਖਿਅਤ ਰੱਖੇ।

c) ਸੰਤ ਪੌਲੁਸ 2 ਤਿਮੋਥਿਉਸ 1:5 ਵਿੱਚ ਸੰਤ ਤਿਮੋਥਿਉਸ ਨੂੰ "ਉਸਦੀ ਨਾਨੀ ਲੋਇਸ ਅਤੇ ਉਸਦੀ ਮਾਂ ਯੂਨੀਕਾ ਵਿੱਚ ਜੋ ਨਿਹਚਾ" ਸੀ, ਉਸਦੀ ਯਾਦ ਦਿਵਾਉਂਦਾ ਹੈ। ਇਸੇ ਤਰ੍ਹਾਂ, ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਪਵਿੱਤਰ ਵਿਸ਼ਵਾਸ ਸਾਡੇ ਘਰਾਂ ਦੇ ਅੰਦਰ ਰਹੇ ਅਤੇ ਵਫ਼ਾਦਾਰੀ ਨਾਲ ਅਗਲੀ ਪੀੜ੍ਹੀ ਨੂੰ ਸੌਂਪਿਆ ਜਾਵੇ।

## 2) ਜੀਵਨ

ਜ਼ਿੰਦਗੀ ਇੱਕ ਰੁੱਖ ਹੈ - ਤਣਾ, ਟਾਹਣੀਆਂ ਅਤੇ ਪੱਤੇ ਜੋ ਸਾਰਿਆਂ ਨੂੰ ਦਿਖਾਈ ਦਿੰਦੇ ਹਨ। ਇੱਕ ਪੈਰਿਸ਼ ਦਾ ਜੀਵਨ ਸਾਡੇ ਹਰ ਰੋਜ਼ ਦੇ ਵਿਸ਼ਵਾਸ ਨੂੰ ਜੀਉਣ ਦੇ ਤਰੀਕੇ ਵਿੱਚ ਦੇਖਿਆ ਜਾਂਦਾ ਹੈ, ਜਿਸ ਵਿੱਚ ਸੰਸਾਰ ਵਿੱਚ ਸਾਡੇ ਜੀਵਨ ਦੇ ਆਤਮਿਕ ਅਤੇ ਅਸਥਾਈ ਦੋਵੇਂ ਪਹਿਲੂ ਸ਼ਾਮਲ ਹਨ।

a) ਇਸ ਜੀਵਨ ਦੇ ਕੇਂਦਰ ਵਿੱਚ ਪਵਿੱਤਰ ਲਿਟਰਜੀ ਦਾ ਵਫ਼ਾਦਾਰ ਜਸ਼ਨ ਹੈ। ਇੱਕ ਪੈਰਿਸ਼ ਭਾਈਚਾਰੇ ਦੇ ਰੂਪ ਵਿੱਚ, ਅਸੀਂ ਹਫ਼ਤੇ ਦਰ ਹਫ਼ਤੇ ਪਵਿੱਤਰ ਵੇਦੀ ਦੇ ਦੁਆਲੇ ਇਕੱਠੇ ਹੁੰਦੇ ਹਾਂ, ਮਸੀਹ ਤੋਂ ਤਾਕਤ ਅਤੇ ਪੋਸ਼ਣ ਪ੍ਰਾਪਤ ਕਰਦੇ ਹਾਂ। ਅਸੀਂ ਚਰਚ ਦੇ ਧਾਰਮਿਕ ਕੈਲੰਡਰ ਦੀ ਪਾਲਣਾ ਕਰਦੇ ਹਾਂ, ਸ਼ਰਧਾ ਅਤੇ ਏਕਤਾ ਨਾਲ ਵਰਤ ਅਤੇ ਪਰਬ ਮਨਾਉਂਦੇ ਹਾਂ। ਇਸ ਤਰ੍ਹਾਂ, ਪਵਿੱਤਰ ਸੰਸਕਾਰ ਪੈਰਿਸ਼ ਦੇ ਜੀਵਨ ਵਿੱਚ ਡੂੰਘਾਈ ਨਾਲ ਏਕੀਕ੍ਰਿਤ ਹੋ ਜਾਂਦੇ ਹਨ, ਅਤੇ ਸਾਡੇ ਵੱਲੋਂ ਪਵਿੱਤਰ ਤ੍ਰਿਏਕ ਦੀ ਅਰਾਧਨਾ ਦਾ ਕੇਂਦਰ ਬਣਦੇ ਹਨ।

b) ਇਹ ਜੀਵਨ ਸਾਡੇ ਘਰਾਂ ਦੇ ਅੰਦਰ ਵੀ ਬਤੀਤ ਕੀਤਾ ਜਾਣਾ ਚਾਹੀਦਾ ਹੈ। ਸਾਡੇ ਪਰਿਵਾਰਾਂ ਨੂੰ ਛੋਟੇ ਗਿਰਜਾਘਰ ਬਣਨਾ ਚਾਹੀਦਾ ਹੈ, ਜਿੱਥੇ ਪ੍ਰਾਰਥਨਾ ਰੋਜ਼ਾਨਾ ਜੀਵਨ ਦਾ ਇੱਕ ਕੁਦਰਤੀ ਹਿੱਸਾ ਹੈ। ਸਾਨੂੰ ਆਪਣੇ ਘਰਾਂ ਦੇ ਅੰਦਰ ਪ੍ਰਾਰਥਨਾ ਦੀਆਂ ਨਿਯਮਤ ਤਾਲਾਂ ਸਥਾਪਤ ਕਰਨੀਆਂ ਚਾਹੀਦੀਆਂ ਹਨ: ਸਵੇਰ ਅਤੇ ਸ਼ਾਮ ਦੀਆਂ ਪ੍ਰਾਰਥਨਾਵਾਂ, ਪਵਿੱਤਰ ਵਚਨਾਂ ਦਾ ਪਾਠ, ਪਰਮੇਸ਼ੁਰ ਦੇ ਸਾਹਮਣੇ ਸ਼ਾਂਤ ਪਲ।

c) ਸਾਡਾ ਮਸੀਹੀ ਜੀਵਨ ਉਨ੍ਹਾਂ ਭਾਈਚਾਰਿਆਂ ਵਿੱਚ ਵੀ ਦਿਖਾਈ ਦੇਣਾ ਚਾਹੀਦਾ ਹੈ ਜਿੱਥੇ ਅਸੀਂ ਰਹਿੰਦੇ ਹਾਂ: ਜਿੰਨ੍ਹਾਂ ਸਕੂਲਾਂ ਅਤੇ ਕਾਲਜਾਂ ਵਿੱਚ ਅਸੀਂ ਜਾਂਦੇ ਹਾਂ, ਕੰਮ ਵਾਲੀਆਂ ਥਾਵਾਂ 'ਤੇ ਜਿੱਥੇ ਅਸੀਂ ਸੇਵਾ ਕਰਦੇ ਹਾਂ, ਅਸੀਂ ਆਪਣੇ ਸ਼ਬਦਾਂ ਵਿੱਚ, ਆਪਣੇ ਸਬੰਧਾਂ ਵਿੱਚ ਅਤੇ ਆਪਣੇ ਆਪ ਨੂੰ ਕਿਵੇਂ ਚਲਾਉਂਦੇ ਹਾਂ, ਇਨ੍ਹਾਂ ਸਾਰੀਆਂ ਚੀਜ਼ਾਂ ਵਿੱਚ ਸਾਡੀ ਜ਼ਿੰਦਗੀ ਨੂੰ ਮਸੀਹ ਨੂੰ ਪ੍ਰਤੀਬਿੰਬਤ ਕਰਨਾ ਚਾਹੀਦਾ ਹੈ, ਕਿਉਂਕਿ ਅਕਸਰ ਸਾਡਾ ਜੀਵਨ ਸਾਡੇ ਸ਼ਬਦਾਂ ਨਾਲੋਂ ਵਧੇਰੇ ਸ਼ਕਤੀਸ਼ਾਲੀ ਢੰਗ ਨਾਲ ਬੋਲਦਾ ਹੈ।

## 3) ਸੇਵਾ

ਸੇਵਾ ਰੁੱਖ ਦਾ ਫਲ ਹੈ; ਇਹ ਸਾਡੇ ਵਿਸ਼ਵਾਸ ਅਤੇ ਆਤਮਿਕ ਜੀਵਨ ਦਾ ਦ੍ਰਿਸ਼ਟੀਗਤ ਨਤੀਜਾ ਹੈ। ਇੱਕ ਮਸੀਹੀ ਵਿਅਕਤੀ ਉਹ ਹੁੰਦਾ ਹੈ ਜੋ ਨਿਹਚਾ ਨੂੰ ਕੰਮਾਂ ਦੁਆਰਾ ਜੀਉਂਦਾ ਹੈ।

a) ਪਵਿੱਤਰ ਲਿਟਰਜੀ ਦੇ ਅੰਤ 'ਤੇ, ਸਾਨੂੰ ਅਸੀਸ ਦਿੱਤੀ ਜਾਂਦੀ ਹੈ ਅਤੇ **ਸ਼ਬਦਾਂ** ਅਤੇ **ਕੰਮਾਂ** ਰਾਹੀਂ ਪਰਮੇਸ਼ੁਰ ਦੀ ਸੇਵਾ ਕਰਨ ਲਈ ਭੇਜਿਆ ਜਾਂਦਾ ਹੈ। ਇਹ ਸਾਡਾ ਕਿੱਤਾ ਅਤੇ ਸੱਦਾ ਹੈ - ਆਪਣੇ ਗੁਆਂਢੀਆਂ, ਆਪਣੇ ਭਾਈਚਾਰਿਆਂ ਅਤੇ ਆਪਣੇ ਆਲੇ ਦੁਆਲੇ ਦੇ ਸਮਾਜ ਤੱਕ ਪਹੁੰਚਣਾ। ਸ਼ੁਰੂਆਤੀ ਚਰਚ ਦੇ ਪਿਤਾਵਾਂ ਨੇ ਅਕਸਰ ਇਸਨੂੰ ***"ਲਿਟਰਜੀ ਤੋਂ ਬਾਅਦ ਲਿਟਰਜੀ"*** ਵਜੋਂ ਦਰਸਾਇਆ।

ਅ) ਪਰਮੇਸ਼ੁਰ ਦੇ ਬੱਚੇ ਹੋਣ ਦੇ ਨਾਤੇ, ਸਾਨੂੰ ਦਾਨ ਅਤੇ ਹਮਦਰਦੀ ਦੇ ਕੰਮਾਂ ਦੁਆਰਾ ਖੁਸ਼ਖਬਰੀ ਨੂੰ ਸਰਗਰਮੀ ਨਾਲ ਜੀਉਣ ਲਈ ਕਿਹਾ ਗਿਆ ਹੈ, ਜਿਵੇਂ ਕਿ: ਗਰੀਬਾਂ ਅਤੇ ਵਿਧਵਾਵਾਂ ਦੀ ਦੇਖਭਾਲ ਕਰਨਾ, ਗਰੀਬ ਬੱਚਿਆਂ ਨੂੰ ਸਿੱਖਿਆ ਦੇਣਾ ਅਤੇ ਸਹਾਇਤਾ ਕਰਨਾ, ਲੋੜਵੰਦਾਂ ਪ੍ਰਤੀ ਦਿਆਲਤਾ ਅਤੇ ਦਇਆ ਦਿਖਾਉਣਾ, ਪਰਮੇਸ਼ੁਰ ਦੀ ਸ੍ਰਿਸ਼ਟੀ ਦੇ ਜ਼ਿੰਮੇਵਾਰ ਪ੍ਰਬੰਧਕ ਬਣਨਾ।

ਮਹਾਨ ਲੈਂਟ ਦੇ ਇਸ ਸੀਜ਼ਨ ਦੌਰਾਨ, ਅਤੇ ਇਸ ਤੋਂ ਬਾਅਦ, *'ਪੈਰਿਸ਼ ਦਾ ਨਿਰਮਾਣ: ਨਿਹਚਾ, ਜੀਵਨ ਅਤੇ ਸੇਵਾ'* ਦ੍ਰਿਸ਼ਟੀਕੋਣ ਸਾਨੂੰ ਅੱਗੇ ਵਧਣ ਲਈ ਇੱਕ ਸਪਸ਼ਟ ਰਸਤਾ ਪ੍ਰਦਾਨ ਕਰੇ। ਅਤੇ ਇਹ ਦ੍ਰਿਸ਼ਟੀਕੋਣ ਉਦੋਂ ਫਲ ਦੇਵੇਗਾ ਜਦੋਂ ਅਸੀਂ ਸਾਰੇ – ਬਿਸ਼ਪ, ਯਾਜਕ ਅਤੇ ਵਿਸ਼ਵਾਸੀ ਇਕੱਠੇ ਮਿਲ ਕੇ ਇਸਨੂੰ ਸਮਰਪਣ ਅਤੇ ਦ੍ਰਿੜਤਾ ਨਾਲ ਅਪਣਾਉਂਦੇ ਹਨ।

ਜਲਦੀ ਹੀ, ਅਸੀਂ ਪਵਿੱਤਰ ਥੀਓਟੋਕੋਸ ਨੂੰ ਘੋਸ਼ਣਾ ਦਾ ਤਿਉਹਾਰ ਮਨਾਵਾਂਗੇ, ਜਿਸ ਤੋਂ ਬਾਅਦ ਖਜੂਰੀ ਐਤਵਾਰ ਹੋਵੇਗਾ। ਇਸ ਤੋਂ ਬਾਅਦ, ਅਸੀਂ ਸਾਲ ਦੇ ਸਭ ਤੋਂ ਪਵਿੱਤਰ ਸਮੇਂ – ਪਵਿੱਤਰ ਹਫ਼ਤੇ – ਵਿੱਚ ਪ੍ਰਵੇਸ਼ ਕਰਾਂਗੇ, ਅਤੇ ਸਾਡੇ ਪ੍ਰਭੂ ਨਾਲ ਉਸਦੇ ਦੁਖ ਦੇ ਹਫ਼ਤੇ ਵਿੱਚ ਯਾਤਰਾ ਕਰਾਂਗੇ ਅਤੇ ਪਾਸਚਾ (ਈਸਟਰ) 'ਤੇ ਉਸਦੇ ਸ਼ਾਨਦਾਰ ਜੀ ਉੱਠਣ ਵਿੱਚ ਸਮਾਪਤ ਕਰਾਂਗੇ।

ਮੇਰੇ ਪਿਆਰੇ ਬੱਚਿਓ, ਮੈਂ ਵਰਤ ਦੇ ਇਨ੍ਹਾਂ ਪਵਿੱਤਰ ਦਿਨਾਂ ਦੌਰਾਨ ਤੁਹਾਨੂੰ ਸਾਰਿਆਂ ਨੂੰ ਆਪਣੀਆਂ ਪ੍ਰਾਰਥਨਾਵਾਂ ਵਿੱਚ ਰੱਖਦਾ ਹਾਂ, ਇਸ ਲੈਂਟ ਯਾਤਰਾ 'ਤੇ ਤੁਹਾਡੇ ਨਾਲ ਚੱਲਦਾ ਹਾਂ ਅਤੇ ਤੁਹਾਨੂੰ ਆਪਣੇ ਆਤਮਿਕ ਪਿਤਾ ਵਜੋਂ ਸਾਂਝੇ ਕੀਤੇ ਗਏ ਸਭ ਕੁਝ ਨੂੰ ਸਰਗਰਮੀ ਨਾਲ ਜੀਉਣ ਲਈ ਉਤਸ਼ਾਹਿਤ ਕਰਦਾ ਹਾਂ। ਕਿਰਪਾ ਕਰਕੇ ਇਸ ਕਮਜ਼ੋਰ ਅਤੇ ਪਾਪੀ ਸੇਵਕ ਨੂੰ ਵੀ ਪਰਮੇਸ਼ੁਰ ਦੇ ਸਿੰਘਾਸਣ ਦੇ ਸਾਹਮਣੇ ਉਸਦੀ ਦਇਆ ਅਤੇ ਕਿਰਪਾ ਲਈ ਆਪਣੀਆਂ ਨਿਯਮਤ ਪ੍ਰਾਰਥਨਾਵਾਂ ਵਿੱਚ ਯਾਦ ਰੱਖੋ।

ਪਵਿੱਤਰ ਤ੍ਰਿਏਕ; ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਆਪਣੀ ਭਰਪੂਰ ਕਿਰਪਾ ਅਤੇ ਦਇਆ ਨਾਲ ਸਾਡੀ ਅਗਵਾਈ ਕਰਨ; ਅਤੇ ਸਾਰੇ ਸੰਤਾਂ ਅਤੇ ਪਵਿੱਤਰ ਮਾਤਾ ਥੀਓਟੋਕੋਸ ਦੀਆਂ ਵਿਚੋਲਗੀਆਂ ਸਾਡੇ ਲਈ ਪਰਮੇਸ਼ੁਰ ਦੇ ਸਿੰਘਾਸਣ ਦੇ ਸਾਹਮਣੇ, ਹੁਣ ਅਤੇ ਹਮੇਸ਼ਾ ਲਈ ਸੁਰੱਖਿਆ ਹੋਣ ✠। ਆਮੀਨ।

ਪਿਤਾ-ਪੁਰਖੀ ਪਿਆਰ ਅਤੇ ਪ੍ਰਾਰਥਨਾਵਾਂ ਨਾਲ,

**✠ ਮੋਰਾਨ ਮੋਰ ਸੈਮੂਅਲ ਥੀਓਫਿਲਸ**
**ਮੈਟ੍ਰੋਪੋਲਿਟਨ**

**ਮਿਤੀ:**13 ਮਾਰਚ 2026
**ਸਥਾਨ:** ਵਿਸ਼ਵ ਚਰਚ ਹੈੱਡਕੁਆਰਟਰ